# ਭਗਤ ਨਾਮਦੇਵ - ਸਬਦ ੩੬

## ਸਭੈ ਘਟ ਰਾਮੁ ਬੋਲੈ ਰਾਮਾ ਬੋਲੈ ॥

### ਰਾਗੁ ਮਾਲੀ ਗਉੜਾ , ਭਗਤ ਨਾਮਦੇਵ, ਗੁਰੂ ਗ੍ਰੰਥ ਸਾਹਿਬ, ੯੮੮

ਸਭੈ ਘਟ ਰਾਮੁ ਬੋਲੈ ਰਾਮਾ ਬੋਲੈ ॥
ਰਾਮ ਬਿਨਾ ਕੋ ਬੋਲੈ ਰੇ ॥੧॥ ਰਹਾਉ ॥
ਏਕਲ ਮਾਟੀ ਕੁੰਜਰ ਚੀਟੀ ਭਾਜਨ ਹੈਂ ਬਹੁ ਨਾਨਾ ਰੇ ॥
ਅਸਥਾਵਰ ਜੰਗਮ ਕੀਟ ਪਤੰਗਮ ਘਟਿ ਘਟਿ ਰਾਮੁ ਸਮਾਨਾ ਰੇ ॥੧॥
ਏਕਲ ਚਿੰਤਾ ਰਾਖੁ ਅਨੰਤਾ ਅਉਰ ਤਜਹੁ ਸਭ ਆਸਾ ਰੇ ॥
ਪ੍ਰਣਵੈ ਨਾਮਾ ਭਏ ਨਿਹਕਾਮਾ ਕੋ ਠਾਕੁਰੁ ਕੋ ਦਾਸਾ ਰੇ ॥੨॥੩॥

ਸਾਰ: ਪਹਿਚਾਣ ਨੂੰ ਬਣਾਈ ਰੱਖਣ ਦੀ ਜਦੋ-ਜ਼ਹਿਦ ਹੇਠਾਂ ਸਾਡੀ ਹੋਂਦ ਦੀ ਇਕ ਗੂੜ੍ਹ ਸੂਝ ਦਾ ਉਭਾਰ ਹੋ ਸਕਦਾ ਹੈ ਕਿ ਉਹੀ ਇਕ ਜੀਵੰਤ ਚੇਤਨਾ ਅਣਗਿਣਤ ਰੂਪਾਂ ਵਿਚ ਪ੍ਰਗਟ ਹੁੰਦੀ ਹੈ। ਇਸ ਦ੍ਰਿਸ਼ਟੀਕੋਣ ਨੂੰ ਅਪਣਾਉਣ ਨਾਲ ਅਸੀਂ "ਮੇਰ-ਤੇਰ" ਅਤੇ "ਉੱਚਾ-ਨੀਵਾਂ" ਦੀਆਂ ਧਾਰਨਾਵਾਂ ਰਾਹੀਂ ਵੰਡ ਪਾਉਣ ਵਾਲੀ ਮਨੋਬਿਰਤੀ ਤੋਂ ਮੁਕਤ ਹੋ ਸਕਦੇ ਹਾਂ। ਜੋ ਵੰਨ-ਸੁਵੰਨਤਾ ਸਾਨੂੰ ਦਿਖਾਈ ਦਿੰਦੀ ਹੈ, ਉਸ ਦਾ ਅਸਲ ਵਿਚ ਇਕੋ ਹੀ ਸਾਂਝਾ ਅਧਾਰ ਹੁੰਦਾ ਹੈ, ਜਿਵੇਂ ਇਕੋ ਮਿੱਟੀ ਤੋਂ ਅਨੇਕਾਂ ਭਾਂਡੇ ਘੜੇ ਜਾਂਦੇ ਹਨ। ਜਦੋਂ ਅਸੀਂ ਇਸ ਏਕਤਾ ਨੂੰ ਪਛਾਣਦੇ ਹਾਂ, ਤਾਂ ਸਾਡੀਆਂ ਅੰਤਰੀਵੀ ਅਸੁਰੱਖਿਆਵਾਂ ਮੱਧਮ ਪੈਣ ਲੱਗਦੀਆਂ ਹਨ। ਜਿਸ ਨਾਲ ਮਨ ਆਪਣੇ ਆਪ ਨੂੰ ਇਕ ਵੱਖਰੀ ਅਤੇ ਅਲੱਗ ਹੋਂਦ ਵਜੋਂ ਕਾਬੂ ਵਿਚ ਰੱਖਣ ਦੀ ਦੌੜ ਨੂੰ ਛੱਡ ਦਿੰਦਾ ਹੈ ਅਤੇ ਇਕ ਵਿਸ਼ਾਲ ਵਿਵਸਥਾ ਉੱਤੇ ਭਰੋਸਾ ਕਰਨਾ ਸਿੱਖ ਜਾਂਦਾ ਹੈ। ਰੁਪਾਂਤ੍ਰਣ ਦੀ ਇਹ ਖੇਡ ਉਸ ਦਰਜ਼ੇਬੰਦੀ ਨੂੰ ਕਮਜ਼ੋਰ ਕਰ ਦਿੰਦੀ ਹੈ ਜੋ ਸਾਡੇ ਵੱਖਰੇ ਹੋਣ ਦੇ ਭਰਮ ਨੂੰ ਪੈਦਾ ਕਰਦੀ ਹੈ। ਜਿਸ ਨਾਲ ਇਹ ਪ੍ਰਗਟ ਹੋਣਾ ਸ਼ੁਰੂ ਹੋ ਜਾਂਦਾ ਹੈ ਕਿ ਇਹ ਕੋਈ ਅਟੱਲ ਸੱਚ ਨਹੀਂ, ਸਗੋਂ ਮਨ ਦੀ ਬਣਾਈ ਹੋਈ ਧਾਰਣਾ ਹੈ। ਇਸ ਤਰ੍ਹਾਂ ਅਸੀਂ ਆਪਣੇ ਆਪ ਨੂੰ ਉਸ ਇਕੋ ਸੁਰ ਨਾਲ ਹੀ ਜੋੜ ਸਕਦੇ ਹਾਂ ਜੋ ਸਮੂਹ ਸ੍ਰਿਸ਼ਟੀ ਵਿਚ ਗੂੰਜਦੀ ਹੈ ਅਤੇ ਜੋ ਵੰਨ-ਸੁਵੰਨਤਾ ਅੰਦਰ ਵੱਸਦੀ ਡੂੰਘੀ ਏਕਤਾ ਨੂੰ ਪ੍ਰਗਟ ਕਰਦੀ ਹੈ।

ਸਭੈ ਘਟ ਰਾਮੁ ਬੋਲੈ ਰਾਮਾ ਬੋਲੈ ॥
ਸ੍ਰਿਸ਼ਟੀ ਦੇ ਹਰ ਪਾਸੇ ਸਰਬ-ਵਿਆਪਕ ਚੇਤਨਾ ਦਾ ਨਾਦ ਗੂੰਜਦਾ ਹੈ ਅਤੇ ਉਸ ਦੀ ਸਰਬ-ਵਿਆਪਕਤਾ ਦਾ ਰਾਗ ਗਾਇਨ ਹੋ ਰਿਹਾ ਹੈ। ਇਹ ਭਾਵ ਦਰਸਾਉਂਦਾ ਹੈ ਕਿ ਦੈਵੀ ਸਤਾ ਕਿਸੇ ਇਕ ਸਰੀਰ, ਭਾਈਚਾਰੇ, ਰਸਮ-ਰਿਵਾਜ ਜਾਂ ਨਾਮ ਤੱਕ ਸੀਮਿਤ ਨਹੀਂ; ਸਗੋਂ ਇਹ ਸਭ ਦੇ ਅੰਦਰ ਧੜਕਣ ਬਣ ਧੜਕਦੀ, ਸਾਹ ਲੈਂਦੀ, ਬੋਲਦੀ ਅਤੇ ਜੀਵੰਤ ਰਹਿੰਦੀ ਹੈ।

ਰਾਮ ਬਿਨਾ ਕੋ ਬੋਲੈ ਰੇ ॥੧॥ ਰਹਾਉ ॥
ਜੇਕਰ ਸਰਬ-ਵਿਆਪਕ ਹਕੀਕਤ ਨਾ ਹੁੰਦੀ, ਤਾਂ ਬੋਲਣ ਦੀ ਸਮਰੱਥਾ ਕਿਸ ਕੋਲ ਹੁੰਦੀ? ਇਹ ਗੂੜ੍ਹ ਪ੍ਰਸ਼ਨ ਸਾਨੂੰ ਇਸ ਵਿਚਾਰ ਵੱਲ ਪ੍ਰੇਰਿਤ ਕਰਦਾ ਹੈ ਕਿ ਕੀ ਕੋਈ ਵੀ ਜੀਵ ਉਸ ਇਕੋ ਜੀਵਨ-ਸ਼ਕਤੀ ਤੋਂ ਸੁਤੰਤਰ ਹੋ ਕੇ ਆਪਣੀ ਹੋਂਦ ਜਾਂ ਕਰਮ ਕਰਨ ਦੀ ਸਮਰੱਥਾ ਦਾ ਦਾਅਵਾ ਕਰ ਸਕਦਾ ਹੈ, ਜੋ ਸਾਨੂੰ ਸਭ ਨੂੰ ਇਕ ਸੂਤਰ ਵਿਚ ਜੋੜ ਕੇ ਰੱਖਦੀ ਹੈ। (੧)(ਠਹਿਰਾਉ)

ਏਕਲ ਮਾਟੀ ਕੁੰਜਰ ਚੀਟੀ ਭਾਜਨ ਹੈਂ ਬਹੁ ਨਾਨਾ ਰੇ ॥
ਇਕੋ ਹੀ ਮਿੱਟੀ ਵਿਚੋਂ; ਭਾਵੇਂ ਹਾਥੀ ਦਾ ਰੂਪ ਘੜਿਆ ਜਾਵੇ ਜਾਂ ਕੀੜੀ ਦਾ, ਉਸੇ ਹੀ ਮਿੱਟੀ ਤੋਂ ਬਣੇ ਭਾਂਡੇ ਅਨੇਕਾਂ ਅਤੇ ਵੱਖ-ਵੱਖ ਰੂਪਾਂ ਵਾਲੇ ਹੁੰਦੇ ਹਨ। ਇਹ ਦ੍ਰਿਸ਼ਟਾਂਤ ਦਰਸਾਉਂਦਾ ਹੈ ਕਿ ਭਾਵੇਂ ਸਾਡੇ ਸਰੀਰ, ਰੂਪ ਅਤੇ ਸਮਰੱਥਾਵਾਂ ਵਿੱਚ ਕਿੰਨੀ ਵੀ ਵੰਨ-ਸੁਵੰਨਤਾ ਹੋਵੇ, ਪਰ ਚੇਤਨਾ ਦਾ ਮੂਲ ਸਰੂਪ ਸਭ ਵਿਚ ਇਕੋ ਜਿਹਾ ਹੈ।

ਅਸਥਾਵਰ ਜੰਗਮ ਕੀਟ ਪਤੰਗਮ ਘਟਿ ਘਟਿ ਰਾਮੁ ਸਮਾਨਾ ਰੇ ॥੧॥
ਅਡੋਲ, ਚਲਾਇਮਾਨ, ਕੀੜੇ-ਮਕੌੜਿਆਂ ਅਤੇ ਪਤੰਗਿਆਂ ਵਿਚ, ਸ੍ਰਿਸ਼ਟੀ ਦੇ ਹਰੇਕ ਰੂਪ ਅੰਦਰ ਉਹ ਸਰਬ-ਵਿਆਪਕ ਹਕੀਕਤ ਵੱਸਦੀ ਹੈ। ਇਹ ਭਾਵ ਦਰਸਾਉਂਦਾ ਹੈ ਕਿ ਸਰਬ-ਵਿਆਪਕ ਸਤਾ ਕੇਵਲ ਤੀਖਣ ਬੁੱਧੀ ਜਾਂ ਕਿਸੇ ਵਿਸ਼ੇਸ਼ ਜੀਵ ਤੱਕ ਸੀਮਿਤ ਨਹੀਂ, ਸਗੋਂ ਉਹ ਜੀਵਨ ਦੇ ਸਮੂਹ ਵਿਸਥਾਰ ਵਿਚ ਬਿਨਾਂ ਕਿਸੇ ਦਰਜ਼ਾ-ਬੰਦੀ ਦੇ ਸਮਾਨ ਰੂਪ ਵਿਚ ਰਮੀ ਹੋਈ ਹੈ। (੧)

ਏਕਲ ਚਿੰਤਾ ਰਾਖੁ ਅਨੰਤਾ ਅਉਰ ਤਜਹੁ ਸਭ ਆਸਾ ਰੇ ॥

ਆਪਣਾ ਧਿਆਨ ਉਸ ਇਕ, ਅਨੰਤ ਅਤੇ ਸਰਬ-ਵਿਆਪਕ ਸਤਾ ਵੱਲ ਕੇਂਦ੍ਰਿਤ ਕਰੋ ਅਤੇ ਹੋਰ ਕਿਸੇ ਉਪਰ ਨਿਰਭਰਤਾ ਨਾ ਰੱਖੋ। ਇਹ ਭਾਵ ਮਨ ਨੂੰ ਸਲਾਹ ਦਿੰਦਾ ਹੈ ਕਿ ਉਹ ਖੰਡਿਤ ਵਰਤਾਰੇ ਤੋਂ ਮੁਕਤ ਹੋ ਉਹ ਸਰਬ-ਵਿਆਪਕ ਏਕਮ ਸਤਾ ਉੱਤੇ ਹੀ ਆਸਰਾ ਰੱਖੇ।

ਪ੍ਰਣਵੈ ਨਾਮਾ ਭਏ ਨਿਹਕਾਮਾ ਕੋ ਠਾਕੁਰੁ ਕੋ ਦਾਸਾ ਰੇ ॥੨॥੩॥

ਨਾਮਦੇਵ ਨਿਮਰਤਾ ਨਾਲ ਪੁੱਛਦੇ ਹਨ, "ਜਦੋਂ ਮਨੁੱਖ ਮੋਹ ਦੀਆਂ ਤੰਦਾਂ ਤੋਂ ਮੁਕਤ ਹੋ ਜਾਂਦਾ ਹੈ, ਤਾਂ ਫਿਰ ਕੌਣ ਮਾਲਕ ਅਤੇ ਕੌਣ ਦਾਸ ਰਹਿ ਜਾਂਦਾ ਹੈ?" ਦਰਜ਼ਾ-ਬੰਦੀ ਦੀ ਇਹ ਅਲੋਪਤਾ, ਏਕਮਤਾ ਦੀ ਅਨੁਭਵ ਰੂਪੀ ਅਵਸਥਾ ਨੂੰ ਦਰਸਾਉਂਦੀ ਹੈ। (੨)(੩)

ਤੱਤ: ਭਗਤ ਨਾਮਦੇਵ ਸਾਨੂੰ ਸ੍ਰਿਸ਼ਟੀ ਦੇ ਖੰਡਿਤ ਭਰਮਾਂ ਉਪਰਲੀ ਨਿਰਭਰਤਾ ਤੋਂ ਉੱਪਰ ਉੱਠਣ ਅਤੇ ਆਪਣੀ ਅਸਲ ਸਰਬ-ਵਿਆਪਕ ਸਤਾ ਦੀ ਗੂੜ੍ਹ ਏਕਮਤਾ ਨੂੰ ਅਪਣਾਉਣ ਲਈ ਪ੍ਰੇਰਿਤ ਕਰਦੇ ਹਨ। ਆਪਣੇ ਰੋਜ਼ਾਨਾ ਜੀਵਨ ਵਿਚ ਅਸੀਂ ਅਕਸਰ ਸੰਸਾਰਿਕ ਲਗਾਵ ਵਿਚ ਉਲਝ ਜਾਂਦੇ ਹਾਂ, ਜੋ ਅੰਤ ਵਿਚ ਸਾਨੂੰ ਭੇਦ-ਭਾਵ, ਉਲਝਣ ਅਤੇ ਅਸੰਤੁਸ਼ਟੀ ਵੱਲ ਹੀ ਲੈ ਜਾਂਦਾ ਹੈ। ਜੇ ਅਸੀਂ ਆਪਣੀ ਸਤਾ ਨੂੰ ਇਕੋ-ਇਕ ਸਰਬ-ਵਿਆਪਕ ਸਤਾ ਵਜੋਂ ਪਛਾਣਨ ਉੱਤੇ ਧਿਆਨ ਕੇਂਦ੍ਰਿਤ ਕਰੀਏ, ਤਾਂ ਛਿਣਭੰਗਰ ਆਧਾਰਾਂ ਤੋਂ ਪ੍ਰਮਾਣਿਕਤਾ ਅਤੇ ਸਵੀਕ੍ਰਿਤੀ ਪ੍ਰਾਪਤ ਕਰਨ ਦੀ ਲੋੜ ਆਪਣੇ ਆਪ ਘੱਟ ਹੋ ਜਾਂਦੀ ਹੈ। ਇਸ ਏਕਮਤਾ ਨਾਲ ਆਪਣੇ ਸੰਬੰਧਾਂ ਨੂੰ ਮਜ਼ਬੂਤ ਕਰਕੇ ਅਸੀਂ ਅਜਿਹੀ ਸਥਾਈ ਅੰਤਰੀਵੀ ਸ਼ਾਂਤੀ ਅਤੇ ਭਰਪੂਰਤਾ ਪ੍ਰਾਪਤ ਕਰ ਸਕਦੇ ਹਾਂ, ਜੋ ਬਾਹਰੀ ਹਾਲਾਤਾਂ ਦੇ ਲਗਾਤਾਰ ਬਦਲਦੇ ਰਹਿਣ ਦੇ ਬਾਵਜੂਦ ਅਡੋਲ ਰਹਿੰਦੀ ਹੈ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**

ਵੈੱਬਸਾਈਟ: **OnenessInDiversity.com**

ਈਮੇਲ: **onenessindiversityfoundation@gmail.com**